ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

The true picture of your local community
# NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




20 July 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ 'ਚ ਜਲਵਾਯੂ ਤਬਦੀਲੀ ਕਾਰਨ ਕੋਰਲ ਰੀਫ ਟਾਪੂ ਸੁੰਗੜਨ ਦੀ ਬਜਾਏ ਬਦਲ ਰਹੇ ਆਕਾਰ



ਵੈਲਿੰਗਟਨ (ਐੱਨ ਜੈੱਡ ਤਸਵੀਰ ਬਿਊਰੋ)— ਜਲਵਾਯੂ ਤਬਦੀਲੀ ਕਾਰਨ ਸਮੁੰਦਰ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਇਸ ਨਾਲ ਛੋਟੇ ਟਾਪੂ ਖਤਰੇ ਵਿਚ ਹਨ। ਕਈ ਅਧਿਐਨਾਂ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਆਉਣ ਵਾਲੇ ਕੁਝ ਦਹਾਕਿਆਂ ਵਿਚ ਪਾਣੀ ਦਾ ਪੱਧਰ ਵੱਧਣ ਨਾਲ ਛੋਟੇ ਟਾਪੂ ਸਮੁੰਦਰ ਵਿਚ ਸਮਾ ਸਕਦੇ ਹਨ। ਹੁਣ ਇਕ ਨਵੇਂ ਅਧਿਐਨ ਵਿਚ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਪ੍ਰਸ਼ਾਂਤ ਖੇਤਰ ਵਿਚ ਹੇਠਲੇ ਪੱਧਰ ਦੇ ਰੀਫ ਟਾਪੂ ਮਤਲਬ ਕੋਰਲ ਰੀਫ ਟਾਪੂ ਜਲਵਾਯੂ ਤਬਦੀਲੀ ਕਾਰਨ ਸੁੰਗੜਨ ਦੀ ਬਜਾਏ ਆਪਣਾ ਆਕਾਰ ਬਦਲ ਰਹੇ ਹਨ।

ਤੁਵਾਲੂ, ਟੋਕੇਲੋ ਅਤੇ ਕਿਰੀਬਾਤੋ ਜਿਹੇ ਪ੍ਰਵਾਲ ਟਾਪੂ, ਜੋ ਸਮੁੰਦਰ ਤਲ ਤੋਂ ਸਿਰਫ ਕੁਝ ਹੀ ਮੀਟਰ ਦੀ ਦੂਰੀ 'ਤੇ ਸਥਿਤ ਹਨ ਗਲੋਬਲ ਵਾਰਮਿੰਗ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਮੰਨੇ ਜਾਂਦੇ ਹਨ। ਇਕ ਰਿਪੋਰਟ ਵਿਚ ਇਹ ਸੰਭਾਵਨਾ ਵੀ ਜ਼ਾਹਰ ਕੀਤੀ ਗਈ ਹੈ ਕਿ ਪਾਣੀ ਦੇ ਪੱਧਰ ਵਿਚ ਵਾਧਾ ਹੋਣ ਨਾਲ ਇਨ੍ਹਾਂ ਟਾਪੂਆਂ ਦੇ ਲੋਕ ਭਵਿੱਖ ਵਿਚ ਸ਼ਰਨਾਰਥੀ ਬਣ ਸਕਦੇ ਹਨ। ਹਾਲ ਹੀ ਵਿਚ ਪ੍ਰਕਾਸ਼ਿਤ ਇਕ ਅਧਿਐਨ ਵਿਚ ਸ਼ੋਧ ਕਰਤਾਵਾਂ ਨੇ ਕਿਹਾ ਕਿ ਕੋਰਲ ਰੀਫਜ਼ ਨਾਲ ਬਣੇ ਟਾਪੂ ਸਮੁੰਦਰੀ ਪੱਧਰ ਵਧਣ ਨਾਲ ਪਾਣੀ ਵਿਚ ਡੁੱਬਣ ਦੀ ਬਜਾਏ ਆਪਣਾ ਆਕਾਰ ਬਦਲ ਰਹੇ ਹਨ ਕਿਉਂਕਿ ਇਹ ਟਾਪੂ ਠੋਸ ਚਟਾਨਾਂ ਨਾਲ ਨਹੀਂ ਬਣੇ ਹਨ ਸਗੋਂ ਛੋਟੇ-ਛੋਟੇ ਜੀਵਾਂ ਤੋਂ ਮਿਲ ਕੇ ਬਣੇ ਹਨ। ਸ਼ੋਧ ਕਰਤਾਵਾਂ ਨੇ ਕਿਹਾ ਕਿ ਅਜਿਹੇ ਟਾਪੂ ਹੌਲੀ-ਹੌਲੀ ਆਪਣਾ ਆਕਾਰ ਬਦਲਦੇ ਹਨ। ਇਸ ਨਾਲ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਬਣਾਈਆਂ ਗਈਆਂ ਯੋਜਨਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਆਕਲੈਂਡ ਯੂਨੀਵਰਸਿਟੀ ਦੇ ਮੁਰੇ ਫੋਰਡ ਜੋ ਇਸ ਅਧਿਐਨ ਦੇ ਸਹਿ ਲੇਖਕ ਵੀ ਹਨ ਨੇ ਕਿਹਾ ਕਿ ਹੇਠਲੇ ਪੱਧਰਾਂ ਦੇ ਪ੍ਰਵਾਲ ਟਾਪੂ (atoll) ਪੁਰਾਣੇ ਅਨੁਮਾਨਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸਪਸ਼ਟ ਦਿਖਾਈ ਦੇਣ ਲੱਗੇ ਹਨ। ਭਾਵੇਂਕਿ ਉਨ੍ਹਾਂ ਨੇ ਕਿਹਾ ਕਿ ਅਜਿਹਾ ਨਹੀਂ ਹੈ ਕਿ ਸਾਰੇ ਪ੍ਰਵਾਲ ਅਚਾਨਕ ਆਪਣਾ ਆਕਾਰ ਬਦਲ ਰਹੇ ਹਨ ਕਿਉਂਕਿ ਕਈ ਟਾਪੂਆਂ ਵਿਚ ਆਬਾਦੀ ਸੰਘਣੀ ਹੈ ਅਤੇ ਕਈ ਉਜਾੜ ਹਨ।

ਉਨ੍ਹਾਂ ਮੁਤਾਬਕ ਇਹ ਸਰਕਾਰ ਅਤੇ ਸਥਾਨਕ ਭਾਈਚਾਰੇ 'ਤੇ ਨਿਰਭਰ ਕਰਦਾ ਹੈ ਕਿ ਉਹ ਸਮੇਂ ਦੇ ਨਾਲ-ਨਾਲ ਕਿਵੇਂ ਖੁਦ ਨੂੰ ਅਨੁਕੂਲਿਤ ਕਰਦੇ ਹਨ ਪਰ ਸਾਨੂੰ ਲੱਗਦਾ ਹੈਕਿ ਇਹ ਅਧਿਐਨ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਇਹ ਟਾਪੂ ਖੁਦ ਨੂੰ ਕੁਦਰਤ ਮੁਤਾਬਕ ਢਾਲ ਰਹੇ ਹਨ ਅਤੇ ਸਥਾਨਕ ਭਾਈਚਾਰੇ ਨੂੰ ਵੀ ਖੁਦ ਨੂੰ ਇਸ ਦੇ ਮੁਤਾਬਕ ਢਾਲਣਾ ਚਾਹੀਦਾ ਹੈ। ਨਿਊਜ਼ੀਲੈਂਡ, ਬ੍ਰਿਟੇਨ ਅਤੇ ਕੈਨੇਡਾ ਦੇ ਸ਼ੋਧ ਕਰਤਾਵਾਂ ਵੱਲੋਂ ਕੀਤਾ ਗਿਆ ਇਹ ਅਧਿਐਨ ਜੀਓਲੋਜ਼ੀਕਲ ਸੋਸਾਇਟੀ ਆਫ ਅਮਰੀਕਾ ਨੇ ਪ੍ਰਕਾਸ਼ਿਤ ਕੀਤਾ ਹੈ।

# ਜਿਸ ਕ੍ਰਿਕਟਰ ਦੇ ਕਾਰਨ ਨਿਊਜ਼ੀਲੈਂਡ ਨੇ ਗੁਆਇਆ ਵਰਲਡ ਕੱਪ, ਉਸੇ ਨੂੰ ਕਰੇਗਾ ਸਨਮਾਨਤ




ਨਿਊਜ਼ੀਲੈਂਡ ਆਫ ਦੀ ਈਅਰ ਐਵਾਰਡ ਦੇ ਚੀਫ ਜੱਜ ਕੈਮਰਾਨ ਬੇਨਟ ਦੇ ਅਨੁਸਾਰ ਬੇਨ ਸਟ੍ਰੋਕ ਭਾਵੇਂ ਕਿ ਇੰਗਲੈਂਡ ਲਈ ਖੇਡਦੇ ਹਨ ਪਰ ਨਿਊਜ਼ੀਲੈਂਡ ਦੇ ਲਈ ਉਨ੍ਹਨੂੰ ਆਪਣਾ ਮੰਨਦੇ ਹਨ

ਆਕਲੈਂਡ (ਐਨ. ਜ਼ੈਡ. ਤਸਵੀਰ) : ਇਸ ਵਾਰਡ ਵਰਲਡ ਕੱਪ ਵਿਚ ਫਾਈਨ ਵਿਚ ਬੇਨ ਸਟ੍ਰੋਕਸ ਨੇ ਇੰਗਲੈਂਡ ਦੇ ਲਈ ਸਭ ਤੋਂ ਵੱਡੇ ਹੀਰੋ ਰਹੇ।ਉਨ੍ਹਾਂ ਦੀ ਬਦੌਲਤ ਇੰਗਲੈਂਡ ਪਹਿਲੀ ਵਾਰ ਵਰਲਡ ਚੈਂਪੀਅਨ ਬਣਨ ਵਿਚ ਕਾਮਯਾਬ ਰਿਹਾ।ਜਦੋਂ ਕਿ ਨਿਊਜ਼ੀਲੈਂਡ ਦੇ ਸਮਰਥਨ ਉਨ੍ਹਾਂ ਨੂੰ ਵਿਲੇਨ ਮੰਨਦੇ ਹਨ ਪਰ ਹੁਣ ਨਿਊਜ਼ੀਲੈਂਡ ਵਿਚ ਉਨ੍ਹਾਂ ਨੂੰ ਇੱਕ ਵੱਡਾ ਸਨਮਾਨ ਮਿਲ ਰਿਹਾਹੈ।ਦਰਅਸਲ ਬੇਨ ਸਟੋਕ ਨੂੰ ਨਿਊਜ਼ੀਲੈਂਡ ਆਫ ਦੀ ਈਅਰ ਲਈ ਨੋਮੀਨੇਟ ਕੀਤਾ ਗਿਆ ਹੈ।

**ਕਿਉਂ ਹੋਏ ਨੋਟੀਨੇਟ**

ਨਿਊਜ਼ੀਲੈਂਡ ਆਫ ਦੀ ਈਅਰ ਐਵਾਰਡ ਵਿਚ ਚੀਫ ਜੱਜ ਕੈਮਰਾਨ ਬੇਨਟ ਦੇ ਅਨੁਸਾਰ ਬੇਨ ਸਟੋਕ ਭਲੇ ਹੀ ਇੰਗਲੈਂਡ ਲਈ ਖੇਡਦਾ ਹਨ ਪਰ ਇਥੋਂ ਦੇ ਲੋਕ ਉਨ੍ਹਾਂ ਨੂੰ ਨਿਊਜ਼ੀਲੈਡ ਦਾ ਹੀ ਮੰਨਦੇ ਹਨ।10 ਖਿਡਾਰੀਆਂ ਨੂੰ ਇ ਸਨਮਾਨ ਲਈ ਨਾਮਜ਼ਦ ਕੀਤਾ ਗਿਆ ਹੈ, ਸਟੋਕਸ ਦੇ ਇਲਾਵਾ ਇਸ ਲਿਸਟ ਵਿਚ ਨਿਊਜ਼ੀਲੈਂਡ ਦੇ ਕਪਤਾਨ ਕੇਨ ਵਿਲਿਅਮਸਨ ਨੂੰ ਵੀ ਦਸੰਬਰ ਵਿਚ ਇਹ ਐਵਾਰਡ ਦਿੱਤਾ ਜਾਵੇਗਾ।

**ਸਟੋਕਸ ਦਾ ਨਿਊਜ਼ੀਲੈਂਡ ਕੁਨੈਕਸ਼ਨ**

ਬੇਨ ਸਟੋਕਸ ਦਾ ਜਨਮ ਨਿਊਜ਼ੀਲੈਂਡ ਦੇ ਕ੍ਰਾਈਸਚਰਚ ਵਿਚ ਹੋਇਆ ਸੀ। 12 ਸਾਲ ਦੀ ਉਮਰ ਵਿਚ ਉਹ ਇੰਗਲੈਂਡ ਚਲੇ ਗਏ ਸਨ। ਦਰਅਸਲ ਉਨ੍ਹਾਂ ਦੇ ਪਿਤਾ ਗੇਰਾਲਡ ਰਗਬੀ ਲੀਗ ਖੇਡਦੇ ਸਨ, ਬਾਅਦ ਵਿਚ ਉਹ ਕੋਚਿੰਗ ਦੇਣ ਲਈ ਇੰਗਲੈਂਡ ਆ ਗਏ।ਉਨ੍ਹਾਂ ਦੇ ਮਾਤਾ ਪਿਤਾ ਤਾਂ ਵਾਪਸ ਆ ਗਏ ਪਰ ਬੇਨ ਇੰਗਲੈਂਡ ਵਿਚ ਹੀ ਵਸ ਗਏ।

**ਵਰਲਡ ਕੱਪ ਦੇ ਹੀਰੋ**

ਆਲਰਾਊਂਡਰ ਬੇਨ ਸਟੋਕਸ ਨੇ ਨਿਊਜ਼ੀਲੈਂਡ ਦੇ ਖਿਲਾਫ 84 ਰਨਾਂ ਦੀ ਸ਼ਾਨਦਾਰ ਪਾਰੀ ਖੇਡਾ ਕੇ ਇੰਗਲੈਂਡ ਨੂੰ ਚੈਂਪੀਅਨ ਬਣਾ ਦਿੱਤਾ।ਉਨ੍ਹਾਂ ਪਹਿਲੇ ਮੈਚ ਨੂੰ ਟਾਈ ਕਰਵਾਇਆ ਅਤੇ ਫਿਰ ਸੁਪਰ ਓਵਰ ਵਿਚ ਵੀ ਆਪਣੇ ਬੈਟਿੰਗ ਨਾਲ ਹੀਰੋ ਬਣੇ।ਸਟੋਕਸ ਨੇ ਬਿਹਤਰੀਨ ਬੱਲੇਬਾਜ਼ੀ ਕਰਦੇ ਹੋਏਟੂਰਨਾਮੈਂਟ ਵਿਚ 66.42 ਦੀ ਔਸਤ ਨਾਲ 654 ਰਨ ਬਣਾਏ।ਇਸ ਤੋਂ ਇਲਾਵਾ ਸਟੋਕਸ ਨੇ ਟੂਰਨਾਮੈਂਟ ਵਿਚ 7 ਵਿਕਟ ਵੀ ਝਟਕਾਏ।

# ਆਕਲੈਂਡ ਵਿਚ ਖਸਰੇ ਦਾ ਪ੍ਰਕੋਪ

## ਲਾਈਫ ਚਾਈਲਡਕੇਅਰ ਸੈਂਟਰ ਨੇ ਕੀਤੀ ਕੇਸਾਂ ਦੀ ਪੁਸ਼ਟੀ



ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਆਕਲੈਂਡ ਬਾਲ ਸੰਭਾਲ ਕੇਂਦਰ ਵੱਲੋਂ ਬੀਤੇ ਦਿਨੀਂ ਖਸਰੇ ਦੇ ਕੇਸਾਂ ਦੀ ਪੁਸ਼ਟੀ ਕੀਤੀ ਗਈ ਹੈ। ਆਕਲੈਂਡ ਰੀਜ਼ਨਲ ਪਬਲਿਕ ਹੈਲਥ ਸਰਵਿਸ ਅਨੁਸਾਰ ਸੋਮਵਾਰ ਤੋਂ ਸ਼ੁਰੂ ਹੋਣ ਵਾਲੇ ਤੀਜੇ ਸਕੂਲ ਸ਼ਬਦਾਂ ਵਿਚ ਮਾਮਲਿਆਂ ਦੇ ਘਟਣ ਦੀ ਉਮੀਦ ਹੈ। ਸ਼ੁੱਕਰਵਾਰ ਨੂੰ ਏਆਰਪੀਐਚਐਸ ਨੂੰ ਲਾਈਫ ਚਾਈਲਡਕੇਅਰ ਸੈਂਟਰ ਵਿਚ ਇੱਕ ਖਸਰੇ ਦੇ ਕੇਸ ਦੀ ਪੁਸ਼ਟੀ ਹੋਈ ਸੀ। ਸੰਸਥਾ ਵੱਲੋਂ ਹਾਲਾਂ ਕਿ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਪ੍ਰਭਾਵਿਤ ਹੋਣ ਵਾਲਾ ਵਿਅਕਤੀ ਕੋਈ ਬੱਚਾ ਹੈ ਜਾਂ ਸਟਾਫ ਦਾ ਮੈਂਬਰ। ਸ਼ੁੱਕਰਵਾਰ ਤੱਕ ਆਕਲੈਂਡ ਵਿਚ 227 ਮਾਮਲੇ ਖਸਰੇ ਦੇ ਦੇਖਣ ਨੂੰ ਮਿਲੇ ਸਨ। ਇਸ ਖੇਤਰ ਵਿਚ ਬੀਤੇ ਕਈ ਮਹੀਨਿਆਂ ਤੋਂ ਛੂਤ ਵਾਲੀਆਂ ਬਿਮਾਰੀਆਂ, ਅਤੇ ਜਾਨਲੇਵਾ ਵਾਇਰਲ ਬੀਮਾਰੀ ਦੇ ਫੈਲਾਣ ਦਾ ਸਾਹਮਣਾ ਕਰ ਰਿਹਾ ਹੈ।

# ਕ੍ਰਾਈਸਚਰਚ ਵਿਚ ਹੋਏ ਧਮਾਕੇ ਕਾਰਨ 7 ਵਿਅਕਤੀ ਜ਼ਖਮੀ

## ਧਮਾਕੇ ਕਾਰਨ ਘਰ ਬੁਰੀ ਤਰ੍ਹਾਂ ਹੋਇਆ ਤਬਾਹ



ਆਕਲੈਂਡ : ਕ੍ਰਾਈਸਟਚਰਚ 'ਚ ਪੈਂਦੇ ਖ਼ੇਤਰ ਨੌਰਥਵੂਡ 'ਚ ਉਸ ਸਮੇਂ ਅਫਰਾ ਤਫਰੀ ਮੱਚ ਗਈ ਜਦੋਂ ਇਕ ਘਰ 'ਚ ਹੋਏ ਜ਼ੋਰਦਾਰ ਧਮਾਕੇ ਤੋਂ ਬਾਅਦ ਇਹ ਘਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਅਤੇ ਇਸ ਘਰ ਦੇ ਅੰਦਰ ਰਹਿ ਰਹੇ 7 ਵਿਅਕਤੀਆਂ ਦੇ ਸੱਟਾਂ ਤਾਂ ਲੱਗੀਆਂ ਪਰ ਜਾਨੀ ਨੁਕਸਾਨ ਤੋਂ ਵੱਡਾ ਬਚਾਅ ਹੋ ਗਿਆ ?ਜਾਣਕਾਰੀ ਅਨੁਸਾਰ ਇਹ ਧਮਾਕੇ ਨਿਊਜ਼ੀਲੈਂਡ ਦੇ ਸਮੇਂ ਅਨੁਸਾਰ ਸਵੇਰੇ 10.20 ਕੁ ਵਜੇ ਹੋਏ ?ਮੌਕੇ ਦੇ ਗਵਾਹਾਂ ਅਤੇ ਗੁਆਂਢੀਆਂ ਦੇ ਦੱਸਣ ਅਨੁਸਾਰ ਧਮਾਕਾ ਏਨਾ ਭਿਆਨਕ ਸੀ ਕਿ ਕੁਝ ਲੋਕਾਂ ਨੇ ਪਹਿਲਾਂ ਇਸ ਨੂੰ ਅੱਤਵਾਦੀ ਹਮਲਾ ਸਮਝਿਆ ਅਤੇ ਕੁਝ ਵੱਡੇ ਭੁਚਾਲ ਦਾ ਅੰਦਾਜ਼ਾ ਲਗਾ ਆਪਣੇ ਘਰਾਂ ਤੋਂ ਬਾਹਰ ਭੱਜ ਆਏ ਅਤੇ ਜਦੋਂ ਉਨ੍ਹਾਂ ਅਸਮਾਨ 'ਚ ਧੂੰਆਂ ਵੇਖਿਆ ਤਾਂ ਕੁਝ ਸਮੇਂ ਬਾਅਦ ਪਤਾ ਲੱਗਾ ਕਿ ਇਹ ਘਰ 'ਚ ਧਮਾਕਾ ਹੋਇਆ ਹੈ ?ਧਮਾਕੇ ਵਾਲੇ ਘਰ ਦੀ ਛੱਤ ਦੀਆਂ ਟਾਈਲਾਂ ਅਤੇ ਘਰ ਦਾ ਹੋਰ ਮਲਬਾ 100 ਮੀਟਰ ਦੇ ਘੇਰੇ 'ਚ ਜਾ ਕੇ ਡਿੱਗਿਆ ਅਤੇ ਇਸ ਧਮਾਕੇ ਨਾਲ ਨੇੜੇ ਦੇ ਕਰੀਬ 5-6 ਘਰ ਵੀ ਪੂਰੀ ਤਰ੍ਹਾਂ ਨੁਕਸਾਨੇ ਗਏ ?ਜਿਸ ਸਮੇਂ ਇਹ ਧਮਾਕਾ ਹੋਇਆ, ਉਸ ਸਮੇਂ ਇਕ 20 ਮਹੀਨੇ ਦਾ ਬੱਚਾ ਅਤੇ ਉਸ ਦੀ 9 ਸਾਲਾ ਭੈਣ ਸਮੇਤ 5 ਵਿਅਕਤੀ ਘਰ ਦੇ ਅੰਦਰ ਸਨ ?ਜਿਹੜੇ ਜ਼ਖ਼ਮੀ ਹਨ ਅਤੇ ਇਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ?ਦੇਰ ਰਾਤ ਖ਼ਬਰ ਲਿਖਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਧਮਾਕਾ ਘਰ 'ਚ ਪਾਈ ਗਈ ਗੈਸ ਦੀ ਪਾਈਪ ਲਾਈਨ 'ਚ ਹੋਇਆ ਦੱਸਿਆ ਜਾ ਰਿਹਾ ਹੈ ਅਤੇ ਸੁਰੱਖਿਆ ਦਸਤਿਆਂ ਨੇ ਸੁਰੱਖਿਆ ਦੇ ਮੱਦੇਨਜ਼ਰ ਇਲਾਕੇ ਦੇ ਲਗਪਗ 50 ਦੇ ਕਰੀਬ ਘਰ ਖਾਲੀ ਕਰਵਾ ਲਏ ਹਨ

# ਆਕਲੈਂਡ ਸਾਈਕਲਿੰਗ ਗਿਣਤੀ ਵਿਚ 8 .9 ਫੀਸਦੀ ਦਾ ਹੋਇਆ ਵਾਧਾ

ਆਕਲੈਂਡ : ਆਕਲੈਂਡ ਵਿਚ ਸਾਈਕਲਿੰਗ ਸੰਖਿਆ ਵਿਚ ਹੁਣ ਕੁਝ ਹੋ ਇਜਾਫਾ ਦੇਖਿਆ ਜਾ ਰਿਹਾ ਹੈ। ਸਾਲ 2019 ਜੂਨ ਵਿਚ ਸਾਲ 2018 ਜੂਨ ਦੀ ਤੁਲਨਾਂ ਮੁਤਾਬਕ 17 ਫੀਸਦਾ ਸਾਈਕਲ ਚਾਲਕ ਵੱਧ ਦਰਜ ਕੀਤੇ ਗਏ ਹਨ।ਆਕਲੈਂਡ ਕਾਊਂਸਲ ਦੀ ਮਹੀਨਾਵਾਰ ਸਾਈਕਲ ਨਿਗਰਾਨੀ , ਸ਼ਹਿਰ ਦੇ ਚਾਰੇ ਪਾਸੇ 26 ਚੱਕਰ ਕਾਊਂਟਰਾਂ 'ਤੇ ਇੱਕਠੀ ਕੀਤੀ ਗਈ । ਜੂਨ 2019 ਵਿਚ 272,200 ਅੰਦਾਜ਼ਨ ਦਰਜ ਕੀਤੇ ਗਏ ਸਨ। ਪਿਛਲੇ ਮਹੀਨੇ 12 ਦੀ ਤੁਲਨਹ ਵਿਚ ਵਾਧੂ ਸਵਾਰੀਆਂ ਨੇ ਸਾਈਕਲ ਦੀ ਵਰਤੋਂ ਕੀਤੀ। ਜੋ ਕਿ ਤਕਰੀਬਨ 8.9 ਫੀਸਦੀ ਰਹੀ। ਕਾਊਂਟਰਾਂ ਨੇ ਸਾਲ ਦੇ ਲਈ ਜੂਨ ਤੱਕ 3.77 ਮਿਲੀਅਨ ਚੱਕਰ ਅੰਦੋਲਨ ਨੂੰ ਦਰਜ ਕੀਤਾ ਗਿਆ ਹੈ।ਜੋ ਕਿ ਆਕਲੈਂਡ ਕਾਊਂਸਲਰ ਅਨੁਸਾਰ 3.5 ਫੀਸਦੀ ਵੱਧ ਹਨ।ਅਕਾਲੈਂਡ ਟਰਾਂਸਪੋਰਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਦਾ ਕਹਿਣਾ ਹੈ ਕਿ ਇਹ ਸਰਦੀਆਂ ਵਿਚ ਬਾਈਕਰਾਈਡਰ ਦੇ ਲਈ ਆਕਲੈਂਡ ਸਭ ਤੋਂ ਆਵਾਜਾਈ ਵਾਲਾ ਸ਼ਹਿਰ ਬਣ ਜਾਂਦਾ ਹੈ।

